ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)
ਸਮੂਹ ਸਕੂਲਾਂ ਦੇ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. SCERT,@D/UP/2014,2018139983
ਮਿਤੀ :- 10 .05.2018

ਵਿਸ਼ਾ :- **ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਹਾੜੇ ਯਾਦ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਗਣਿਤ ਵਿਸ਼ੇ ਵਿੱਚ ਪਰਿਪੱਕਤਾ ਲਿਆਉਣ ਅਤੇ ਗਣਿਤ ਸਿਖਣ-ਸਿਖਾਉਣ ਲਈ ਪਹਾੜਿਆਂ ਦੀ ਜਾਣਕਾਰੀ ਅਤੇ ਯਾਦ ਹੋਣਾ ਬਹੁਤ ਜਰੂਰੀ ਹੈ। ਵਿਦਿਆਰਥੀਆਂ ਦੇ ਮੂੰਹ ਜੁਬਾਨੀ ਯਾਦ ਪਹਾੜੇ ਗਣਿਤ ਸਿੱਖਣ, Computational skill ਵਧਾਉਣ ਅਤੇ ਗਣਿਤ ਸਿੱਖਣ ਪ੍ਰਤੀ ਉਤਸ਼ਾਹ ਵਧਾਉਣ ਲਈ ਸਹਾਈ ਹੁੰਦੇ ਹਨ। ਪਰ ਦੇਖਣ ਵਿੱਚ ਆਇਆ ਹੈ ਕਿ ਇਹ ਪ੍ਰਚਲਨ ਦਿਨੋ ਦਿਨ ਘੱਟ ਰਿਹਾ ਹੈ। ਪਹਾੜਿਆਂ ਨੂੰ ਜੁਬਾਨੀ ਯਾਦ ਕਰਨ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਮੁੱਖੀ ਅਤੇ ਮੈਥ ਪੜ੍ਹਾਉਂਦੇ ਅਧਿਆਪਕ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖ ਸਕਦੇ ਹਨ।

(1) ਵਿਦਿਆਰਥੀ ਨੂੰ ਘੱਟ ਤੋਂ ਘੱਟ ਵੀਹ ਤਕ ਦੂਹਰੇ ਪਹਾੜੇ ਮੂੰਹ ਜਬਾਨੀ ਯਾਦ ਕਰਵਾਉਣ ਲਈ ਰੋਜਾਨਾ ਪੰਜ ਮਿੰਟ ਦੁਹਰਾਈ ਕਰਵਾਈ ਜਾਵੇ ਜਾਂ ਜੇਕਰ ਕਿਸੇ ਅਧਿਆਪਕ ਦਾ ਕਿਸੇ ਹੋਰ (ਛੇਵੀਂ ਤੋਂ ਅੱਠਵੀਂ ਜਮਾਤ ਤੱਕ) ਦਾ adjustment ਲਗਾਈ ਜਾਂਦੀ ਹੈ ਅਤੇ ਅਧਿਆਪਕ ਵਿਦਿਆਰਥੀ ਨੂੰ ਪਹਾੜਿਆਂ ਦੀ drill ਜਾਂ ਟੋਕਵੇ ਪਹਾੜਿਆਂ ਦੀ Dictation ਕਰਵਾ ਸਕਦਾ ਹੈ।
(2) ਆਖਰੀ ਪੀਰੀਅਡ ਦੇ ਆਖਰੀ 5 ਮਿੰਟ ਲਈ ਸਾਰੇ ਮਿਡਲ ਸਕੂਲਾਂ ਦੇ ਵਿਦਿਆਰਥੀਆਂ ਨੂੰ ਇੱਕਠੇ ਹੀ ਪਹਾੜਿਆਂ ਦੀ drill ਕਰਵਾਈ ਜਾਵੇ ਜੋ ਕਿ ਚੰਗੀ ਪੁਰਾਣੀ ਰਵਾਇਤੀ ਪ੍ਰਥਾ ਹੈ।
(3) ਅਧਿਆਪਕ ਵਿਦਿਆਰਥੀਆਂ ਨੂੰ ਪਹਾੜਿਆਂ ਦਾ ਅਭਿਆਸ ਕਰਵਾਉਣ ਲਈ ਜਮਾਤਾਂ ਵਿੱਚ ਵਿਦਿਆਰਥੀਆਂ ਕੋਲੋਂ ਚਾਰਟ ਬਣਵਾ ਸਕਦੇ ਹਨ ਅਤੇ ਗਣਿਤ ਦੀ H.W ਕਾਪੀ ਦੇ ਪਹਿਲੇ ਜਾਂ ਆਖਰੀ ਸਫੇ ਤੇ ਪਹਾੜਿਆਂ ਦਾ flash card ਬਣਾ ਕੇ ਚਿਪਕਾ ਸਕਦੇ ਹਨ।
(4) ਵਿਦਿਆਰਥੀਆਂ ਕੋਲੋਂ ਪਹਾੜਿਆਂ ਦੀ Table book (ਕੈਦਾ) ਬਣਵਾਇਆ ਜਾ ਸਕਦਾ ਹੈ।
(5) ਇਹ ਸਾਰੀਆਂ ਛੋਟੀਆਂ ਛੋਟੀਆਂ ਗਤੀਵਿਧੀਆਂ ਨੂੰ ਹੋਰ ਵੀ ਸੰਜੀਦਗੀ ਲਿਆਉਣ ਲਈ, ਸਮੂਹ ਸਕੂਲਾਂ ਵਿੱਚ ਮਿਤੀ. 26.05.2018 ਮਈ ਦੇ ਚੋਥੇ ਹਫਤੇ ਦੇ ਸ਼ਨੀਵਾਰ ਵਾਲੇ ਦਿਨ, ਦੁਪਹਿਰ ਤੋਂ ਬਾਅਦ ਸਕੂਲ ਪੱਧਰ ਤੇ ਹਰ ਵਿਦਿਆਰਥੀ ਨੂੰ ਸ਼ਾਮਿਲ ਕਰਕੇ ਪਹਾੜਿਆਂ ਦਾ ਮੁਕਾਬਲਾ ਕਰਵਾਇਆ ਜਾਵੇ ਜੀ। ਇਸ ਵਿੱਚ ਉਚੇਚੇ ਤੌਰ ਤੇ ਵਿਦਿਆਰਥੀ ਦੇ ਮਾਪਿਆਂ ਅਤੇ SMC ਦੇ ਮੈਂਬਰਾਂ ਨੂੰ ਸ਼ਾਮਿਲ ਕੀਤਾ ਜਾਵੇ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਣ ਲਈ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਜੀ।

ਸਾ. ਡਾਇਰੈਕਟਰ ਐਸ.ਸੀ.ਈ.ਆਰ.ਟੀ
ਪੰਜਾਬ

ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ/ਉ੨੩ ਮਿਤੀ : 10-05-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

1. ਡੀ.ਐਮ. ਅਤੇ ਬੀ.ਐਮ.(ਗਣਿਤ)

ਡਾਇਰੈਕਟਰ ਐਸ.ਸੀ.ਈ.ਆਰ.ਟੀ
ਪੰਜਾਬ

22330 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ
ਪਿੱਠ-ਅੰਕਣ ਜੀ-111 (7) 2018-19/ 3811 ਮਿਤੀ/ਮਾਨਸਾ 16/5/18
ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖ-ਅਧਿਆਪਕਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾਂ ਸਿੱਖਿਆ ਅਫਸਰ (ਸੈ.ਸਿ/ ਐ.ਸਿ) ਪੰਜਾਬ
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।

11.5.18

ਮੀਮੋ ਨੰ:11/62/2017-5ਸਿ6/1232677/1-3

ਮਿਤੀ, ਚੰਡੀਗੜ੍ਹ: 11-05-2018

ਵਿਸ਼ਾ:- ਸਿੱਖਿਆ ਵਿਭਾਗ ਦੇ ਜ਼ਿਲਾ ਹੈਡ ਕੁਆਟਰਾ ਅਤੇ ਸਕੂਲਾਂ ਆਦਿ ਨੂੰ ਬੈਂਕਾਂ ਸਬੰਧੀ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ।

********

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 11/62/2017-5ਸਿ6/1194746/1-3 ਮਿਤੀ 23.3.2018 ਦੀ ਲਗਾਤਾਰਾਂ ਵਿੱਚ।

ਸਿੱਖਿਆ ਵਿਭਾਗ ਦੇ ਖੇਤਰੀ ਦਫਤਰ ਵੱਲੋਂ ਬੈਕਾਂ ਵਿੱਚ ਖਾਤਿਆ ਸਬੰਧੀ ਹੇਠ ਲਿਖਿਆਂ ਮੁਸ਼ਕਲਾਂ ਵਿਭਾਗ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਹਨ:-

1. ਰਾਜ ਸਰਕਾਰ ਵੱਲੋ ਬੱਚਿਆਂ ਦੀ ਭਲਾਈ ਲਈ ਲਾਗੂ ਸਕੀਮਾਂ ਲਈ ਬੱਚਿਆ ਦੇ ਬੈਂਕ ਵਿੱਚੋ ਜੀਰੋ ਬੈਲੇਂਸ ਖਾਤੇ ਨਾ ਖੋਲਣ।
2. ਸਸਅ, ਰਮਸਅ, ਮਿਡ ਡੇ ਮੀਲ ਅਤੇ ਹੋਰ ਸੁਸਾਇਟੀਆਂ ਦੇ ਬੈਂਕ ਖਾਤਿਆਂ ਵਿੱਚ ਘੱਟੋ-ਘੱਟ ਬੈਲੇਂਸ ਨਾ ਹੋਣ ਕਾਰਨ ਬੈਂਕ ਚਾਰਜਸ ਕੱਟਣਾਂ।
3. RTGS ਟਰਾਜੈਕਸ਼ਨਾਂ ਅਤੇ ਹੋਰ ਬੈਕ ਟਰਾਜੈਕਸ਼ਨ ਉਪਰ ਬੈਂਕ ਚਾਰਜਸ ਲਗਾਉਣ।

ਉਪਰੋਕਤ ਮੁੱਦਿਆ ਤੇ ਵਿਚਾਰ ਵਟਾਦਰਾਂ ਕਰਨ ਲਈ ਮਿਤੀ 16.2.2018 ਨੂੰ ਬੈਕ ਦੇ ਨੁਮਾਇਦਿਆਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਹੇਠ ਲਿਖੇ ਬੈਂਕਾਂ ਵੱਲੋਂ ਲੜੀ ਨੰ:2 ਅਤੇ 3 ਦੇ ਮੁੱਦਿਆਂ ਸਬੰਧੀ ਬੈਂਕ ਚਾਰਜਸ ਨਾ ਕੱਟਣ ਲਈ ਸਹਿਮਤੀ ਦਿੱਤੀ ਗਈ ਸੀ:-

1. Bank of Baroda
2. Punjab & Sindh Bank
3. HDFC Bank Ltd.
4. Indian Bank
5. IDBI Bank
6. Oriental Bank of Commerce
7. Allahabad Bank
8. Bank of India
9. Canera Bank
10. United Bank of India.
11. ICICI Bank

ਉਕਤ ਬੈਕਾਂ ਵਿੱਚ ICICI Bank ਨੂੰ ਸੂਚੀ ਵਿੱਚ ਦਰਜ ਕਰਦੇ ਹੋਏ ਸਮੇਂ-ਸਮੇ ਸਿਰ ਸਕੂਲ ਮੁੱਖਿਆ ਤੋਂ ਬੈਂਕ ਦੁਆਰਾ ਚਾਰਜਜ ਲਗਾਏ ਜਾਣ ਸਬੰਧੀ ਪ੍ਰਾਪਤ ਸਿਕਾਇਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸਮੂਹ ਸਕੂਲ ਮੁੱਖੀ ਉਕਤ ਬੈਂਕਾਂ ਦੇ ਵਿੱਚ ਆਪਣੇ ਖਾਤੇ ਖੋਲਣ ਸਬੰਧੀ ਵਿਚਾਰ ਕਰ ਸਕਦੇ ਹਨ,ਕਿਉਕਿ ਉਕਤ ਬੈਕਾਂ ਦੁਆਰਾ ਇਹ ਵਿਸ਼ਵਾਸ ਦੁਆਇਆ ਗਿਆ ਹੈ ਕਿ ਉਹ ਕੋਈ ਵੀ ਕਿਸੇ ਤਰ੍ਹਾਂ ਦੇ ਬੈਂਕ ਚਾਰਜਜ ਸਕੂਲ ਤੋਂ ਨਹੀਂ ਲੈਣਗੇ।

ਸਕੱਤਰ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ:

2330 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਮਾਨਸਾ [illegible] 2018-19 / 3210 ਮਿਤੀ [illegible] 16/5/18

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ / ਮੁੱਖ ਅਧਿਆਪਕਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਮਾਨਸਾ।